# *ਕਿਵੇਂ ਇੱਕ ਜੇਤੂ ਟੀਮ ਦਾ ਨਿਰਮਾਣ ਕਰਨਾ ਹੈ*

## *ਸਿਰਫ ਇੱਕ ਸੈਸ਼ਨ ਹੀ – ਡੀ. ਵੀ. ਡੀ. ਦੀ ਲੰਬਾਈ*: 33 ਮਿੰਟ

*ਜਿਹੜੇ ਤੁਹਾਡੇ ਆਲੇ ਦੁਆਲੇ ਹਨ ਦੇ ਵਰਦਾਨਾਂ ਦਾ ਆਦਰ ਕਰਨ ਦੁਆਰਾ ਤੁਹਾਡੀ ਸਫਲਤਾ ਨੂੰ ਵੱਧ ਤੋਂ ਵੱਧ ਵਧਾਓ*

**ਵਰਣਨ:** ਤੁਹਾਡੇ ਜੀਵਨ ਦੇ ਹਰੇਕ ਖੇਤਰ ਵਿੱਚ ਤੁਹਾਡੇ ਆਲੇ-ਦੁਆਲੇ ਸਲਾਹਕਾਰਾਂ ਦੀਆਂ ਟੀਮਾਂ ਨੂੰ ਉਤਪੰਨ ਕਰਨ ਲਈ ਇੱਕ ਵਿਵਹਾਰਿਕ ਪਹੁੰਚ, ਅਤੇ ਸਲਾਹਕਾਰਾਂ ਦੇ ਸ਼ਾਮਿਲ ਕਰਨ ਦੀ ਬੁੱਧੀ ਜੋ ਕਿ ਇਕੱਠੇ ਪੰਜ ਦਿਲ ਦੀਆਂ ਪ੍ਰੇਰਨਾਵਾਂ ਨੂੰ ਪ੍ਰਗਟ ਕਰਦੇ ਹਨ ਜੋ ਕਿ ਅਫਸੀਆਂ 4:11 ਦੀ ਟੀਮ ਵਿੱਚ ਦਿੱਤੀਆਂ ਗਈਆਂ ਹਨ (ਰਸੂਲ, ਨਬੀ, ਸੁਸਮਾਚਾਰਕ, ਪਾਸਟਰ ਅਤੇ ਸਿੱਖਿਅਕ)।

**ਉੱਚ ਸਿਫਾਰਸ਼ੀ ਵਾਧੂ ਸਾਮੱਗ੍ਰੀ ਜੋ ਕਿ ਇਸ ਸਿਖਲਾਈ ਦੇ ਅਨੁਭਵ ਨੂੰ ਡੂੰਘਾ ਕਰਦੀ ਹੈ:**

- ਮਾਰਕ ਅਤੇ ਪੈਟੀ ਵਿਰਕਲਰ ਦੁਆਰਾ ਲਿਖੀਆਂ *ਗਿਫਟਡ ਟੂ ਸਕਸੈਸ ਅਤੇ ਹਾਊ ਟੂ ਬਿਲਡ ਏ ਵਿੰਨੀਗ ਟੀਮ ਕਿਤਾਬਾਂ* ਉਪਲੱਬਧ ਹਨ ਤੇ: www.CWGMinistries.org

**ਸੀ. ਪੀਟਰ ਵੈਗਨਰ ਲਿਖਦਾ ਹੈ:** "ਇਹ ਸਿਰਫ ਸ਼ਾਨਦਾਰ ਹੀ ਨਹੀਂ ਹੈ, ਪਰ ਇਹ ਬੇਹੱਦ ਉਪਯੋਗੀ ਹੈ. . .ਮੇਰੇ ਵਿਕਲਪ ਦੇ ਵਿੱਚ, ਇਸ ਦਾ ਇੱਕ ਵਿਆਪਕ ਘੇਰਾ ਹੋਣਾ ਚਾਹੀਦਾ ਹੈ। ਇਸ ਦਾ ਸਿਰਲੇਖ "ਦਾ ਵਿਰਕਲਰ ਗਰਿੱਡ" ਅਤੇ ਇੱਕ ਉਪਸਿਰਲੇਖ "ਅਫ਼ਸੀਆਂ 4:11 ਦੇ ਬੁਨਿਆਦੀ ਅਹੁੱਦੀਆਂ ਦਾ ਇੱਕ ਤੁਲਨਾਤਮਕ ਵਿਸ਼ਲੇਸ਼ਣ" ਨਾਲ ਮੁਫਤ ਵਿੱਚ ਸੰਸਕਰਣ ਬਣਾਉਣ ਬਾਰੇ ਕੀ ਖਿਆਲ ਹੈ? "ਦਾ ਵਿਰਕਲਰ ਗਰਿੱਡ ਆਉਣ ਵਾਲੇ ਸਾਲਾਂ ਦੇ ਵਿੱਚ ਸੰਪੂਰਣ ਰਸੂਲੀ ਅੰਦਲੋਨ ਲਈ ਇੱਕ ਉਚਿਤ ਸਾਧਾਨ ਵਜੋਂ ਹੋ ਸਕਦਾ ਹੈ।"

### ੳ. ਸਿੱਧਤਾ ਸੱਭੇ ਪੰਜੇ ਦਾਨਾਂ ਦੇ ਆਪਸੀ ਸੰਪਰਕ ਰਾਹੀਂ ਆਉਂਦੀ ਹੈ

1. ਅਫ. 4:11 5 ਦਾਨਾਂ ਦੀ ਸੂਚੀ ਦਿੰਦੀ ਹੈ, ਜਿਨ੍ਹਾਂ ਵਿੱਚੋਂ ਹਰੇਕ ਦੇ ਪਿੱਛੇ ਇੱਕ ਦਿਲ ਦੀ ਪ੍ਰੇਰਨਾ ਹੈ।
2. ਅਫ. 4:7 ਵਰਣਨ ਕਰਦੀ ਹੈ ਕਿ ਸਾਡੇ ਸਾਰੀਆਂ ਦੇ ਕੋਲ ਇਨ੍ਹਾਂ ਵਿੱਚੋਂ ਇੱਕ ਦਾਨ ਹੈ (ਜਿਵੇਂ ਕਿ ਦੋ ਜਾਂ ਇਸ ਤੋਂ ਜਿਆਦਾ ਦਾ ਇੱਕ ਮਿਸ਼ਰਨ)
3. ਅਫ. 4:13 ਵਰਣਨ ਕਰਦੀ ਹੈ ਕਿ ਅਸੀਂ ਸਿੱਧਤਾ ਵਿੱਚ ਆ ਸਕਦੇ ਹਾਂ (ਇਹ ਨਵੇਂ ਨੇਮ ਵਿੱਚ ਦਾਨਾਂ ਦੀ ਇੱਕੋ ਇੱਕ ਸੂਚੀ ਹੈ ਜਿਸ ਦੇ ਨਾਲ ਇੱਕ ਵਾਇਦਾ ਜੁੜਿਆ ਹੋਇਆ ਹੈ)
4. ਅਸੀਂ ਇਨ੍ਹਾਂ 5 ਦਿਲ ਦੀਆਂ ਪ੍ਰੇਰਨਾਵਾਂ ਨੂੰ ਸਫਲ ਵਪਾਰਾਂ ਅਤੇ ਇਸ ਦੇ ਨਾਲ ਹੀ ਸਫਲ ਕਲੀਸਿਯਾਵਾਂ ਦੇ ਵਿੱਚ ਪਾ ਸਕਦੇ ਹਾਂ।
5. ਸਾਡਾ ਨਿਸ਼ਾਨਾ ਆਪਣੇ ਆਪ ਨੂੰ ਅਜਿਹੇ ਆਲੇ ਦੁਆਲੇ ਨਾਲ ਘੇਰਨਾ ਹੋਣਾ ਚਾਹੀਦਾ ਹੈ ਜੋ ਕਿ ਸਾਨੂੰ ਇਨ੍ਹਾਂ ਭਿੰਨ-ਭਿੰਨ ਦਿਲ ਦੀਆਂ ਪ੍ਰੇਰਨਾਵਾਂ ਨੂੰ ਪ੍ਰਗਟ ਕਰ ਸਕਣ, ਤਾਂ ਜੋ ਅਸੀਂ ਸੰਭਾਵੀਂ ਬੁੱਧੀਮਾਨ ਫੈਸਲੇ ਕਰ ਸਕੀਏ।
6. ਬਹੁਤਿਆਂ ਸਲਾਹਕਾਰਾਂ ਦੇ ਵਿੱਚ ਇੱਥੇ ਬੁੱਧੀਮਾਨੀ ਅਤੇ ਸੁਰੱਖਿਆ ਹੈ (ਕਹਾ. 11:14)

### ਅ. ਉਨ੍ਹਾਂ ਦੇ ਦਿਲ ਦਾ ਜਨੂਨ

1. ਰਸੂਲ – ਸੰਪੂਰਣ ਲਈ
2. ਨਬੀ – ਪ੍ਰੇਰਕ ਕਿਰਿਆਸ਼ੀਲਤਾ ਲਈ
3. ਸੁਸਮਾਚਾਰਕ – ਫਸਲ ਦੇ ਲਈ
4. ਪਾਸਟਰ – ਲੋਕਾਂ ਲਈ
5. ਸਿੱਖਿਅਕ – ਸਚਿਆਈ ਲਈ

### ੲ. ਉਨ੍ਹਾਂ ਦੇ ਮੁੱਖ ਵਰਦਾਨ

1. ਰਸੂਲ – ਅਗਵਾਈ ਕਰਨ ਦੀ ਯੋਗਤਾ, ਪ੍ਰਬੰਧ, ਵਿਕਾਸ, ਨਿਰਮਾਣ ਅਤੇ ਵਿਸਤਾਰ
2. ਨਬੀ – ਕਿਰਿਆਸ਼ੀਲ ਯੋਗਤਾਵਾਂ, ਸਮੇਂ ਅਤੇ ਸਹੀ ਦੀ ਸਮਝ
3. ਸੁਸਮਾਚਾਰਕ – ਪਰੇਰਕ ਹੋਣ ਦੀ ਯੋਗਤਾ
4. ਪਾਸਟਰ – ਲੋਕਾਂ ਨੂੰ ਪਿਆਰ ਕਰਦਾ ਅਤੇ ਉਨ੍ਹਾਂ ਦੇ ਸਦਮਿਆਂ ਨੂੰ ਚੰਗਾ ਕਰਦਾ
5. ਸਿੱਖਿਅਕ – ਸਰਵੇਖਣ ਅਤੇ ਸਪੱਸ਼ਟਤਾ ਨਾਲ ਪੇਸ਼ ਕਰਨ ਦੀ ਯੋਗਤਾ

### ਸ. ਉਨ੍ਹਾਂ ਦਾ ਨਿਸ਼ਾਨਾ

1. ਰਸੂਲ – ਗੱਲਾਂ ਨੂੰ ਪ੍ਰਬੰਧ ਵਿੱਚ ਅਤੇ ਸਹੀ ਤਰ੍ਹਾਂ ਹੁੰਦੇ ਵੇਖਣਾ
2. ਨਬੀ – ਕਿਰਿਆਸ਼ੀਲ ਵਹਾਓ ਦਾ ਅਨੁਭਵ ਕਰਦਾ ਹੈ
3. ਸੁਸਮਾਚਾਰਕ – ਜੋ ਉਹ ਵੇਖਦਾ ਨੂੰ ਵੇਖਣ ਲਈ ਦੂਜਿਆਂ ਨੂੰ ਪ੍ਰੇਰਦਾ ਹੈ
4. ਪਾਸਟਰ – ਲੋਕਾਂ ਦੇ ਸੇਹਤਮੰਦ ਹੋਣ ਲਈ, ਸੁਰੱਖਿਆ ਅਤੇ ਦੇਖਰੇਖ ਲਈ
5. ਸਿੱਖਿਅਕ – ਸਚਿਆਈ ਦਾ ਸਪੱਸ਼ਟਤਾ ਨਾਲ ਸੰਚਾਰ ਅਤੇ ਪਚਾਇਆ ਜਾਏ

### ਹ. ਉਹ ਦੂਜਿਆਂ ਨੂੰ ਪਰਖਦੇ ਹਨ

1. ਰਸੂਲ – ਢੁੱਕਵਾਂ ਹੋਣ ਲਈ ਉਨ੍ਹਾਂ ਦੀ ਯੋਗਤਾ ਅਤੇ ਇਛੁੱਕਤਾ ਦੁਆਰਾ
2. ਨਬੀ – ਉਨ੍ਹਾਂ ਦੀ ਅਨੁਭਵ ਕਰਨ ਦੀ ਯੋਗਤਾ ਜਾਂ ਕਿਰਿਆਸ਼ੀਲ ਵਹਾਓ ਲਈ ਪ੍ਰਸ਼ੰਸਾ ਦੁਆਰਾ
3. ਸੁਸਮਾਚਾਰਕ – ਪ੍ਰਭਾਵਿਤ ਕਰਨ ਲਈ ਉਨ੍ਹਾਂ ਦੀ ਯੋਗਤਾ ਦੁਆਰਾ
4. ਪਾਸਟਰ – ਲੋਕਾਂ ਦੀਆਂ ਲੋੜਾਂ ਲਈ ਸੰਵੇਦਨਸ਼ੀਲ ਅਤੇ ਚਿੰਤਿਤ ਹੋਣ ਲਈ ਉਨ੍ਹਾਂ ਦੀ ਯੋਗਤਾ ਦੁਆਰਾ
5. ਸਿੱਖਿਅਕ – ਸਮਝਣ ਅਤੇ ਸਪੱਸ਼ਟਤਾ ਨਾਲ ਸਚਿਆਈ ਨੂੰ ਪ੍ਰਗਟ ਕਰਨ ਲਈ ਉਨ੍ਹਾਂ ਦੀ ਯੋਗਤਾ ਦੁਆਰਾ

### ਕ. ਉਹ ਦੂਜਿਆਂ ਨੂੰ ਪ੍ਰਭਾਵਿਤ ਕਰਦੇ ਹਨ

1. ਰਸੂਲ – ਉਨ੍ਹਾਂ ਨੂੰ ਓਹਨਾਂ ਦੇ ਮੁੱਲ ਨੂੰ ਵੇਖਣ ਅਤੇ ਸਮੁੱਚੀ ਤਸਵੀਰ ਨੂੰ ਵੇਖਣ ਲਈ ਲਈ ਉਨ੍ਹਾਂ ਦੀ ਸਹਾਇਤਾ ਕਰਨ ਦੁਆਰਾ
2. ਨਬੀ – ਉੱਨਤੀ, ਉਪਦੇਸ਼, ਤਸੱਲੀ ਦੁਆਰਾ
3. ਸੁਸਮਾਚਾਰਕ – ਜੋਸ਼, ਉਤਸਾਹ, ਗਤੀਸ਼ੀਲਤਾ ਦੁਆਰਾ
4. ਪਾਸਟਰ – ਨਿੱਘ, ਪਿਆਰ, ਅਤੇ ਸਵੀਕਾਰ ਕੀਤਾ ਜਾਣਾ
5. ਸਿੱਖਿਅਕ – ਉਨ੍ਹਾਂ ਨੂੰ ਸਮਝਣ ਅਤੇ ਵਧਣ ਵਿੱਚ ਸਹਾਇਤਾ ਕਰਨਾ

**ਖ. ਪ੍ਰਬੰਧ ਕਰਨ ਲਈ ਉਨ੍ਹਾਂ ਦਾ ਮੁੱਲ**

1. ਰਸੂਲ – ਹਰੇਕ ਨੂੰ ਇੱਕ ਟੀਮ ਵਜੋਂ ਇਕੱਠਾ ਕਰਨ ਲਈ ਕੰਮ ਕਰਦਾ ਹੈ; ਇੱਕ ਚੰਗਾ ਝਗੜਾ ਨਜਿੱਠਣ ਵਾਲਾ ਹੈ
2. ਨਬੀ – ਕਿਰਿਆਸ਼ੀਲ ਪ੍ਰਗਟਾਵ ਦਿੰਦਾ, ਆਤਮਾ ਮੁਲਾਕਾਤ, ਸਵਰਗੀ ਸਮੇਂ ਅਤੇ ਮੰਜ਼ਿਲ ਦੀ ਸਮਝ
3. ਸੁਸਮਾਚਾਰਕ – ਕਾਇਲ ਕਰਦਾ ਅਤੇ ਇੱਕ ਨਿਸ਼ਚਿਤ ਦਿਸ਼ਾ ਵੱਲ ਜਾਣ ਬਾਰੇ ਲੋਕਾਂ ਨੂੰ ਉਤਸਾਹਿਤ ਕਰਦਾ ਹੈ
4. ਪਾਸਟਰ – ਨਿਸ਼ਚਿਤ ਕਰਦਾ ਹੈ ਕਿ ਲੋਕਾਂ ਦੇ ਦਿਲਾਂ ਦੀਆਂ ਲੋੜਾਂ ਪੂਰੀਆਂ ਹੋਣ; ਨਿੱਘ, ਖੁਸ਼ੀਆਂ ਅਤੇ ਸੰਤੁਸ਼ਟੀ ਪ੍ਰਦਾਨ ਕਰਦਾ ਹੈ
5. ਸਿੱਖਿਅਕ – ਨਿਰੰਤਰ ਸਪੱਸ਼ਟ, ਵਿਵਹਾਰਿਕ ਸਿਖਲਾਈ ਉਨ੍ਹਾਂ ਸਭਨਾਂ ਨੂੰ ਦਿੰਦਾ ਜੋ ਕਿ ਪ੍ਰਬੰਧ ਵਿੱਚ ਦਾਖਲ ਹੁੰਦੇ ਹਨ

**ਗ. ਉਨ੍ਹਾਂ ਦੇ ਦਿਲ ਦੀ ਪ੍ਰੇਰਨਾ ਦਾ ਹੱਦੋਂ ਵੱਧ ਪ੍ਰਯੋਗ**

1. ਰਸੂਲ – ਸ਼ਕਤੀ, ਇਖ਼ਤਿਆਰ ਦੀ ਦੁਰਵਰਤੋਂ; ਲੋਕਾਂ ਲਈ ਅਸੰਵੇਦਨਸ਼ੀਲ
2. ਨਬੀ – ਵੈਧਤਾ ਤੋਂ ਬਿਨਾਂ ਸਿਰਫ ਸਹਿਜਬੋਧ ਵਿੱਚ ਵੀ ਜੀਵਨ ਬਿਤਾਉਣਾ
3. ਸੁਸਮਾਚਾਰਕ – ਅਜਿਹੀਆਂ ਗੱਲਾਂ ਨੂੰ ਵੇਚਣਾ ਜੋ ਵੇਚਣ ਯੋਗ ਨਹੀਂ
4. ਪਾਸਟਰ – ਮੁਲਾਇਮ, ਕਮਜ਼ੋਰ, ਬਹੁਤ ਜਿਆਦਾ ਲਚਕੀਲਾ ਬਣ ਜਾਣਾ
5. ਸਿੱਖਿਅਕ – ਸਹਿਜਬੋਧ ਲਈ ਕੋਈ ਸਥਾਨ ਨਾ ਛੱਡਣਾ; ਬਹੁਤ ਜਿਆਦਾ ਵਿਸ਼ਲੇਸ਼ਣ ਕਰਨ ਵਾਲਾ

**ਘ. ਦਬਾਓ ਦੇ ਅਧੀਨ ਉਹ**

1. ਰਸੂਲ – ਹੱਲ ਦੇ ਲਈ ਦੂਜਿਆਂ ਦੇ ਨਾਲ ਮਿਲਦਾ ਹੈ
2. ਨਬੀ – ਇਕੱਲੇ ਇਕਾਂਤ ਸਥਾਨ ਵਿੱਚ ਹੋਣਾ
3. ਸੁਸਮਾਚਾਰਕ – ਜੋ ਉਸ ਨੇ ਵੇਚਣਾ ਹੈ ਲਈ ਬਹੁਤ ਜਿਆਦਾ ਸ਼ਕਤੀ ਭਰਦਾ ਅਤੇ ਜਨੂਨੀ ਹੋ ਜਾਂਦਾ ਹੈ; ਬੇਈਮਾਨ ਵੀ ਬਣ ਸਕਦਾ ਹੈ
4. ਪਾਸਟਰ – ਜਿਆਦਾ ਨਿੱਘ ਅਤੇ ਸਮਝ ਦੇ ਨਾਲ ਬਾਹਰ ਤੱਕ ਪਹੁੰਚਦਾ ਹੈ
5. ਸਿੱਖਿਅਕ – ਜਿਆਦਾ ਸਰਵੇਖਣ ਕਰਦਾ ਹੈ

**ਙ. ਉਹ ਡਰਦੇ ਹਨ**

1. ਰਸੂਲ – ਇਖ਼ਤਿਆਰ, ਢਾਂਚੇ, ਸੰਸਥਾ ਦਾ ਘਾਟਾ
2. ਨਬੀ – ਸਹਿਜਬੋਧ ਦੇ ਕਿਰਿਆਸ਼ੀਲ ਵਹਾਓ ਨੂੰ ਫੜ੍ਹ ਲੈਣ ਦੇ ਯੋਗ ਨਾ ਹੋਣਾ
3. ਸੁਸਮਾਚਾਰਕ – ਕਾਇਲ ਕਰਨ ਦੇ ਯੋਗ ਨਾ ਹੋਣਾ
4. ਪਾਸਟਰ – ਅਨੇਕਤਾ ਅਤੇ ਅਸਹਿਮਤੀ, ਟੁੱਟਾਪਣ, ਅਤੇ ਭਾਵਨਾਤਮਕ ਤਬਾਹੀ
5. ਸਿੱਖਿਅਕ – ਅਗਲੀ ਪੀੜ੍ਹੀ ਤੱਕ ਉੱਨਤੀ ਨੂੰ ਨਾ ਸੌਂਪਣ ਦੇ ਯੋਗ ਹੋਣਾ

**ਚ. ਉਹ ਡਰਦੇ ਹਨ:** ਜੇਕਰ ਅਸੀਂ ਪੰਜਾਂ ਸੇਵਕਾਈਆਂ ਦੇ ਸੰਤੁਲਨ ਨੂੰ ਪੇਸ਼ ਨਹੀਂ ਕਰਦੇ ਹਾਂ, ਕਲੀਸਿਯਾ ਇੱਕ ਜਾਂ ਦੂਜੇ ਵੱਲ ਅਤਿਅਧਿਕ ਝੁੱਕ ਜਾਵੇਗੀ

1. ਸੁਸਮਾਚਾਰਕ ਪੂਰੀ ਤਰ੍ਹਾਂ ਗੁਆਚਿਆਂ ਦੀ ਜਿੱਤ ਤੇ ਕੇਂਦ੍ਰਿਤ ਹੁੰਦੇ ਇੱਕ ਕਲੀਸਿਯਾ ਦਾ ਨਿਰਮਾਣ ਕਰਨ ਦਾ ਰੁਝਾਨ ਰੱਖਦਾ ਹੈ, ਚੇਲੇਪਣ ਨੂੰ ਘੱਟ ਕਰਦੇ ਹੋਏ।

2. ਨਬੀ ਇੱਕ ਵੈਧ ਕਲੀਸਿਯਾ ਨੂੰ ਨਿਰਮਾਣ ਕਰਨ ਦਾ ਰੁਝਾਨ ਰੱਖਦਾ ਹੈ।

3. ਇੱਕ ਅਧਿਆਤਮਕ ਸਿੱਖਿਆ ਦੀ ਕਲੀਸਿਯਾ ਦਾ ਨਿਰਮਾਣ ਕਰਨ ਦਾ ਰੁਝਾਨ ਰੱਖਦਾ ਹੈ।

4. ਪਾਸਟਰ ਇੱਕ ਸਮਾਜਿਕ ਕਲੀਸਿਯਾ ਨੂੰ ਨਿਰਮਾਣ ਕਰਨ ਦਾ ਰੁਝਾਨ ਰੱਖਦਾ ਹੈ।

5. ਰਸੂਲ ਇੱਕ ਉੱਚ-ਪ੍ਰਬੰਧ ਕਲੀਸਿਯਾ ਨੂੰ ਨਿਰਮਾਣ ਕਰਨ ਦਾ ਰੁਝਾਨ ਰੱਖਦਾ ਹੈ।

*ਕਲਾਸ ਦੇ ਕਮਰੇ ਦੀਆਂ ਕਿਰਿਆਵਾਂ*

**ਡੀ. ਵੀ. ਡੀ ਨੂੰ ਵੇਖਣ ਤੋਂ ਬਾਅਦ, ਸਮੂਹ ਦਾ ਆਗੂ ਇਨ੍ਹਾਂ ਲੇਖ ਦੇ ਪ੍ਰਸ਼ਨਾਂ ਨੂੰ ਸੌਂਪਦਾ ਹੈ:** "ਪ੍ਰਭੂ, ਕਿਹੜੇ ਸਲਾਹਕਾਰ ਹਨ ਜਿਹੜੇ ਕਿ ਤੂੰ ਮੇਰੇ ਆਲੇ ਦੁਆਲੇ ਰੱਖੇ ਹਨ? ਕੀ ਇੱਥੇ ਇੱਕ ਪੰਜ ਪ੍ਰਕਾਰ ਦੀ ਟੀਮ ਮੇਰੇ ਆਲੇ ਦੁਆਲੇ ਹੈ? ਕੀ ਮੈਂ ਇਨ੍ਹਾਂ ਸਾਰੀਆਂ ਪੰਜਾਂ ਅਵਾਜ਼ਾਂ ਨੂੰ ਸੁਣ ਰਿਹਾ ਹਾਂ? ਪ੍ਰਭੂ, ਤੂੰ ਕਿਸ ਨੂੰ ਮੇਰੇ ਸਲਾਹਕਾਰਾਂ ਦੀ ਟੀਮ ਵਿੱਚ ਸ਼ਾਮਿਲ ਕਰਨਾ ਚਾਹੁੰਦਾ ਹੈਂ ਤਾਂ ਜੋ ਕਿ ਸਾਰੀਆਂ ਪੰਜ ਦਿਲ ਦੀਆਂ ਪ੍ਰੇਰਨਾਵਾਂ, ਜਿਹੜਾ ਕੰਮ ਮੈਂ ਕਰ ਰਿਹਾ ਹਾਂ ਨੂੰ ਸਿੱਧਤਾ ਵਿੱਚ ਆਉਣ ਦੇ ਯੋਗ ਕਰਦੀਆਂ ਹੋਈਆਂ ਮੋਜੂਦ ਹੋਣ?"

8-10 ਮਿੰਟਾਂ ਤੱਕ ਲੇਖ ਲਿਖੋ ਅਤੇ ਫਿਰ ਆਗੂ ਸਮੂਹ ਨੂੰ ਵਾਪਸ ਇਕੱਠਾ ਕਰਦਾ ਹੈ ਅਤੇ 3-5 ਵਲੰਟੀਅਰ ਨੂੰ ਉਨ੍ਹਾਂ ਦੇ ਦੋ-ਪਾਸਿਓਂ ਲਿਖੇ ਲੇਖ ਨੂੰ ਪੜ੍ਹਨ ਦੇ ਲਈ ਉਤਸਾਹਿਤ ਕਰਦਾ ਹੈ।

**ਸਮੂਹ ਚਰਚਾ ਪ੍ਰਸ਼ਨ:**

1. ਕੀ ਤੁਸੀਂ ਪਛਾਣ ਸਕਦੇ ਹੋ ਕਿ ਪੰਜਾਂ ਦੇ ਵਿੱਚੋਂ ਕਿਹੜਾ ਤੁਹਾਡੇ ਦਿਲ ਦੀ ਤਕੜੀ ਪ੍ਰੇਰਣਾ ਹੈ?

2. ਇੱਕ ਕਹਾਣੀ ਨੂੰ ਵੰਡੋ ਜਦੋਂ ਤੁਸੀਂ ਦੂਜਿਆਂ ਦੀ ਸਲਾਹ ਨੂੰ ਰੱਦ ਕਰਨ ਦੁਆਰਾ ਇੱਕ ਮਾੜਾ ਫੈਸਲਾ ਕੀਤਾ ਸੀ।

3. ਇੱਕ ਕਹਾਣੀ ਨੂੰ ਵੰਡੋ ਜਦੋਂ ਤੁਸੀਂ ਦੂਜਿਆਂ ਦੀ ਸਲਾਹ ਨੂੰ ਇਕੱਤਰ ਕਰਨ ਅਤੇ ਆਦਰ ਕਰਨ ਦੁਆਰਾ ਇੱਕ ਉੱਤਮ ਫੈਸਲਾ ਕੀਤਾ ਸੀ।

**ਇਕੱਠੇ ਇਕਰਾਰ ਕਰੋ:** "ਪ੍ਰਭੂ, ਮੈਂ ਦਿਲ ਦੀਆਂ ਪ੍ਰੇਰਨਾਵਾਂ ਜੋ ਕਿ ਮੇਰੇ ਨਾਲੋਂ ਭਿੰਨ ਹਨ ਨਾਲ ਲੋਕਾਂ ਦੀ ਸਲਾਹ ਨੂੰ ਭਾਲਣ, ਅਤੇ ਉਨ੍ਹਾਂ ਦੇ ਯੋਗਦਾਨ ਨੂੰ ਇਕੱਤਰ ਕਰਨ ਅਤੇ ਆਦਰ ਕਰਨ ਨੂੰ ਭਾਲਦਾ ਹਾਂ। ਇਸ ਵਿੱਚ ਮੇਰੀ ਅਗਵਾਈ ਕਰੋ, ਮੈਂ ਪ੍ਰਾਰਥਨਾ ਕਰਦਾ ਹਾਂ।"

**ਯਾਦ ਕਰੋ:** ਅਫ. 4:7, 11-14